ਪੰਜਾਬ ਦੀ ਉਮੀਦ
ਅੱਜ ਦੀ ਆਵਾਜ਼

ਵੱਧਦੀ ਮਹਿੰਗਾਈ ਲਈ ਕੇਂਦਰ ਸਰਕਾਰ ਜ਼ਿੰਮੇਵਾਰ-ਚੌ. ਮੋਹਣ ਲਾਲ

ਬੰਗਾ, 8 ਫਰਵਰੀ (ਪੱਤਰ ਪ੍ਰੇਰਕ)-ਅੱਜ ਅੱਤ ਦੀ ਮਹਿੰਗਾਈ ਨੇ ਗਰੀਬ ਲੋਕਾਂ ਦਾ ਜੀਣਾ ਹਰਾਮ ਕਰ ਦਿੱਤਾ ਹੈ। ਰੋਜ਼ਮਰ੍ਹਾ ਦੀ ਵਰਤੋਂ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਅੱਜ ਗਰੀਬ ਲੋਕਾਂ ਨੂੰ 50 ਰੁਪਏ ਪ੍ਰਤੀ ਕਿਲੋ ਖੰਡ ਅਤੇ 18 ਰੁਪਏ ਕਿਲੋ ਆਟਾ ਖਰੀਦਣਾ ਪੈ ਰਿਹਾ ਹੈ। ਇਸ ਦਿਨੋਂ-ਦਿਨ ਕੌੜੀ ਵੇਲ ਵਾਂਗੂ ਵੱਧ ਰਹੀ ਮਹਿੰਗਾਈ ਲਈ ਸਿਰਫ ਅਤੇ ਸਿਰਫ ਕੇਂਦਰ ਦੀ ਕਾਂਗਰਸ ਸਰਕਾਰ ਜ਼ਿੰਮੇਵਾਰ ਹੈ। ਇਹ ਵਿਚਾਰ ਚੌਧਰੀ ਮੋਹਨ ਲਾਲ ਵਿਧਾਇਕ ਹਲਕਾ ਬੰਗਾ ਨੇ ਇੱਥੇ ਸਥਾਨਕ ਜੀ.ਐੱਸ. ਪੈਲੇਸ ਵਿਖੇ ਵਿਆਹ ਸਮਾਗਮ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟ ਕੀਤੇ। ਚੌਧਰੀ ਮੋਹਣ ਲਾਲ ਨੇ ਕਿਹਾ ਕਿ ਖੰਡ, ਦਾਲਾਂ ਅਤੇ ਹੋਰ ਜ਼ਰੂਰੀ ਖਾਧ ਪਦਾਰਥਾਂ ਦੀਆਂ ਕੀਮਤਾਂ ਨਿਰਧਾਰਤ ਕਰਨ ਦਾ ਅਧਿਕਾਰ ਸਿਰਫ ਕੇਂਦਰ ਸਰਕਾਰ ਕੋਲ ਹੈ। ਕੇਂਦਰ ਜਿੱਥੇ ਇੱਕ ਪਾਸੇ ਕਿਸਾਨਾਂ ਨੂੰ ਗੰਨਾ ਕੌਡੀਆ ਦੇ ਭਾਅ ਵੇਚਣ ਲਈ ਮਜਬੂਰ ਕਰ ਰਿਹਾ ਹੈ, ਉਥੋਂ ਵਿਉਪਾਰੀਆਂ ਨੂੰ ਖੰਡ ਮੂੰਹ ਮੰਗੇ ਭਾਅ 'ਤੇ ਵੇਚਣ ਦੀ ਖੁੱਲ੍ਹ ਦੇ ਕੇ ਗਰੀਬ ਲੋਕਾਂ ਨਾਲ ਧਰੋਹ ਕਮਾ ਰਿਹਾ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਵੱਲੋਂ ਗਰੀਬ ਲੋਕਾਂ ਲਈ ਸ਼ੁਰੂ ਕੀਤੀਆਂ ਸਕੀਮਾਂ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਸ੍ਰ. ਬੁੱਧ ਸਿੰਘ ਬਲਾਕੀਪੁਰ ਚੇਅਰਮੈਨ ਮਾਰਕਿਟ ਕਮੇਟੀ ਬੰਗਾ, ਸ੍ਰ. ਹਰ ਜਗਦੀਸ਼ ਸਿੰਘ ਮਾਨ ਪ੍ਰਧਾਨ ਅਕਾਲੀ ਦਲ ਸ਼ਹਿਰੀ ਕਰਮਜੀਤ ਸਿੰਘ, ਰਛਪਾਲ ਸਿੰਘ ਲਾਦੀਆ, ਸਵਰਨ ਸਿੰਘ ਲਾਦੀਆਂ ਆਦਿ ਹਾਜ਼ਰ ਸਨ।

ਸਿੰਘਪੁਰ 'ਚ 33 ਕੇ.ਵੀ. ਸਬ ਸਟੇਸ਼ਨ ਨੂੰ 66 ਕੇ.ਵੀ. 'ਚ ਬਦਲਣ ਦੀ ਮੰਗ ਨੂੰ ਕਦੋਂ ਬੂਰ ਪਵੇਗਾ

ਨੂਰਪੁਰ ਬੇਦੀ, 8 ਫਰਵਰੀ (ਬਲਵਿੰਦਰ ਰੈਤ)-ਗਰਮੀਆਂ ਦੇ ਮੌਸਮ ਵਿੱਚ ਇਲਾਕੇ ਵਿੱਚ ਲੱਗਣ ਵਾਲੇ ਬਿਜਲੀ ਕੱਟਾਂ ਵਿਰੁੱਧ ਬਣਾਈ ਗਈ ਕਮੇਟੀ ਨੇ ਪੰਜਾਬ ਰਾਜ ਬਿਜਲੀ ਬੋਰਡ ਦੇ ਸਿੰਘਪੁਰ ਵਿਖੇ 33 ਕੇ.ਵੀ. ਸਬ-ਸਟੇਸ਼ਨ ਨੂੰ 66 ਕੇ.ਵੀ. ਵਿੱਚ ਬਦਲਣ ਦੀ ਮੰਗ ਨੂੰ ਮੁੜ ਦੁਹਰਾਉਂਦਿਆਂ ਆਉਂਦੀਆਂ ਗਰਮੀਆਂ ਵਿੱਚ ਲੱਗਣ ਵਾਲੇ ਕੱਟਾਂ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ। ਬਿਜਲੀ ਕੱਟ ਸੰਘਰਸ਼ ਕਮੇਟੀ ਦੇ ਚੇਅਰਮੈਨ ਕਾਮਰੇਡ ਮੋਹਣ ਸਿੰਘ ਧਮਾਣਾ ਨੇ ਇੱਥੇ ਦੱਸਿਆ ਕਿ ਪਿਛਲੀਆਂ ਗਰਮੀਆਂ ਦੇ ਮੌਸਮ ਵਿੱਚ ਇਲਾਕੇ ਦੇ ਲੋਕਾਂ ਦੇ ਸਹਿਯੋਗ ਨਾਲ ਇੱਕ ਲੰਮਾ ਸੰਘਰਸ਼ ਆਰੰਭਿਆ ਸੀ ਤੇ ਲੜੀਵਾਰ ਭੁੱਖ ਹੜਤਾਲ ਵੀ ਕੀਤੀ ਸੀ। ਇਲਾਕਾ ਵਾਸੀਆਂ ਦੀ ਮੁੱਖ ਮੰਗ ਹੈ ਕਿ ਬਿਜਲੀ ਬੋਰਡ ਦੇ ਸਿੰਘਪੁਰ ਸਬ ਸਟੇਸ਼ਨ ਤੇ 33 ਕੇ.ਵੀ. ਦੀ ਸਮੱਰਥਾ 66 ਕੇ.ਵੀ. ਤੱਕ ਵਧਾਈ ਜਾਵੇ ਤਾਂ ਜੋ ਇਸ ਖੇਤਰ ਦੇ ਲੋਕਾਂ ਨੂੰ 24 ਘੰਟੇ ਬਿਜਲੀ ਦੀ ਸਪਲਾਈ ਮਿਲ ਸਕੇ।

ਇਸ ਮੁੱਖ ਸਮੱਸਿਆ ਨੂੰ ਆਨੰਦਪੁਰ ਸਾਹਿਬ ਹਲਕੇ ਦੇ ਅਕਾਲੀ ਵਿਧਾਇਕ ਸੰਤ ਅਜੀਤ ਸਿੰਘ ਨੇ ਇਸ ਸਮੱਸਿਆ ਨੂੰ ਹੱਲ ਕਰਨ ਦਾ ਭਰੋਸਾ ਵੀ ਦਿਵਾਇਆ ਸੀ, ਪਰ ਇਲਾਕੇ ਦੀ ਅਹਿਮ ਮੰਗ ਨੂੰ ਬੂਰ ਨਹੀਂ ਪਿਆ ਵਿਖਾਈ ਦੇ ਰਿਹਾ ਹੈ। ਇਸ ਮੰਤਵ ਲਈ ਬਿਜਲੀ ਕੱਟ ਵਿਰੋਧੀ ਸੰਘਰਸ਼ ਕਮੇਟੀ ਨੇ ਇੱਕ ਡੈਪੂਟੇਸ਼ਨ ਦੇ ਰੂਪ ਵਿੱਚ ਹਲਕਾ ਵਿਧਾਇਕ ਨਾਲ ਗੱਲਬਾਤ ਵੀ ਕੀਤੀ। ਡੈਪੂਟੇਸ਼ਨ ਦੇ ਮੋਹਰੀ ਕਾਮਰੇਡ ਧਮਾਣਾ ਨੇ ਦੱਸਿਆ ਕਿ ਵਿਧਾਇਕ ਸੰਤ ਅਜੀਤ ਸਿੰਘ ਨੇ ਕਿਹਾ ਕਿ 66 ਕੇ.ਵੀ. ਟਰਾਂਸਫਾਰਮ ਲਈ ਪ੍ਰਕਿਰਿਆ ਅੰਤਮ ਰੂਪ ਵਿੱਚ ਪਹੁੰਚ ਚੁੱਕੀ ਹੈ ਤੇ ਇਹ ਮੰਗ ਜਲਦੀ ਪੂਰੀ ਕਰ ਦਿੱਤੀ ਜਾਵੇਗੀ। ਕਾਮਰੇਡ ਧਮਾਣਾ ਨੇ ਕਿਹਾ ਕਿ ਇਸ ਮੁੱਖ ਮੰਗ ਸੰਬੰਧੀ ਉਹ ਬਿਜਲੀ ਬੋਰਡ ਦੇ ਉੱਚ ਅਧਿਕਾਰੀਆਂ ਨੂੰ ਮਿਲ ਚੁੱਕੇ ਹਨ ਤੇ ਅਧਿਕਾਰੀਆਂ ਨੇ ਕਿਹਾ ਕਿ 66 ਕੇ.ਵੀ. ਸਬ ਸਟੇਸ਼ਨ ਮਾਰਚ 2010 ਤੱਕ ਚੱਲਣ ਦੀ ਸੰਭਾਵਨਾ ਹੈ ਕਮੇਟੀ ਆਗੂਆਂ ਨੇ ਮੰਗ ਕੀਤੀ ਕਿ ਇਸ ਸਮੱਸਿਆ ਨੂੰ ਹੱਲ ਕਰਨ ਲਈ ਜਲਦੀ ਤੋਂ ਜਲਦੀ ਅਮਲੀ ਜਾਮਾ ਪਹਿਨਾਇਆ ਜਾਵੇ।

ਸੂਬੇ ਦੇ ਸਰਬ ਪੱਖੀ ਵਿਕਾਸ ਲਈ ਸਾਂਝੇ ਯਤਨਾਂ ਦੀ ਲੋੜ-ਤਰਲੋਚਨ ਸਿੰਘ

ਕਪੂਰਥਲਾ, 8 ਫਰਵਰੀ (ਵਧਵਾ)-ਪੰਜਾਬ ਦਾ ਸਰਵ-ਪੱਖੀ ਵਿਕਾਸ ਕਰਕੇ ਇਸ ਨੂੰ ਪਹਿਲਾਂ ਵਾਂਗ ਹਰ ਖੇਤਰ ਵਿੱਚ ਦੇਸ਼ ਦੀ ਮੋਹਰੀ ਰਾਜ ਬਣਾਉਣ ਲਈ ਅਤੇ ਪੰਜਾਬ ਵਿੱਚ ਸਮਾਜਿਕ ਤੇ ਨੈਤਿਕ ਪੱਧਰ 'ਤੇ ਆਈ ਗਿਰਾਵਟ ਨੂੰ ਦੂਰ ਕਰਨ ਲਈ ਸਾਂਝੇ ਯਤਨਾਂ ਦੀ ਲੋੜ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੀ ਤਰਲੋਚਨ ਸਿੰਘ ਮੈਂਬਰ ਪਾਰਲੀਮੈਂਟ ਤੇ ਸਾਬਕਾ ਚੇਅਰਮੈਨ ਕੌਮੀ ਘੱਟ ਗਿਣਤੀ ਕਮਿਸ਼ਨ ਨੇ ਬੀਤੇ ਦਿਨੀਂ ਸਵ. ਸ੍ਰ. ਆਤਮਾ ਸਿੰਘ ਵੱਲੋਂ ਸਥਾਪਤ ਕੀਤੇ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਦੇ ਡਿਗਰੀ ਵੰਡ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਸ਼ਾਮਲ ਹੋ ਕੇ ਆਪਣੇ ਸੰਬੋਧਨ ਵਿੱਚ ਕੀਤਾ। ਇਸ ਸਮਾਗਮ ਦੀ ਪ੍ਰਧਾਨਗੀ ਡਾ. ਉਪਿੰਦਰਜੀਤ ਕੌਰ ਸਿੱਖਿਆ, ਸ਼ਹਿਰੀ ਹਵਾਬਾਜ਼ੀ, ਚੌਕਸੀ ਅਤੇ ਨਿਆਂ ਮੰਤਰੀ ਪੰਜਾਬ ਨੇ ਕੀਤੀ। ਇਸ ਸਮਾਗਮ ਵਿੱਚ ਕਾਲਜ ਦੇ 211 ਵਿਦਿਆਰਥੀਆਂ ਨੂੰ ਡਿਗਰੀਆਂ ਵੰਡੀਆਂ ਗਈਆਂ ਅਤੇ ਯੂਨੀਵਰਸਿਟੀ ਵਿੱਚੋਂ ਮੈਰਿਟ ਪ੍ਰਾਪਤ ਕਰਨ ਵਾਲੇ 18 ਵਿਦਿਆਰਥੀਆਂ ਨੂੰ ਗੋਲਡ ਮੈਡਲ ਦਿੱਤੇ ਗਏ। ਕਾਲਜ ਦੀ ਵਿਦਿਆਰਥਣ ਸੰਦੀਪ ਕੌਰ ਜਿਸ ਨੇ ਲਗਾਤਾਰ ਤਿੰਨ ਗੋਲਡ ਮੈਡਲ ਪ੍ਰਾਪਤ ਕੀਤੇ ਨੂੰ ਸ੍ਰ. ਆਤਮਾ ਸਿੰਘ ਯਾਦਗਾਰੀ ਐਵਾਰਡ ਅਤੇ 5100 ਰੁਪਏ ਦਾ ਨਕਦ ਇਨਾਮ ਦਿੱਤਾ ਗਿਆ। ਸ੍ਰ. ਤਰਲੋਚਨ ਸਿੰਘ ਨੇ ਇਸ ਸਮਾਗਮ ਤੋਂ ਪਹਿਲਾਂ ਕਾਲਜ ਵਿੱਚ ਨਵੇਂ ਬਣਨ ਵਾਲੇ ਸ੍ਰ. ਆਤਮਾ ਸਿੰਘ ਯਾਦਗਾਰੀ ਆਡੀਟੋਰੀਅਮ ਦਾ ਨੀਂਹ ਪੱਥਰ ਵੀ ਰੱਖਿਆ।

ਡਾ. ਉਪਿੰਦਰਜੀਤ ਕੌਰ ਸਿੱਖਿਆ ਮੰਤਰੀ ਪੰਜਾਬ ਨੇ ਇਸ ਮੌਕੇ 'ਤੇ ਵਿਦਿਆਰਥੀਆਂ ਨੂੰ ਖਾਸ ਕਰਕੇ ਲੜਕੀਆਂ ਨੂੰ ਕਿਹਾ ਕਿ ਉਹ ਮੁਕਾਬਲੇ ਦੇ ਇਸ ਦੌਰ ਵਿੱਚ ਮਿਆਰੀ ਸਿੱਖਿਆ ਪ੍ਰਾਪਤ ਕਰਕੇ ਅੱਗੇ ਵੱਧਣ ਤੇ ਸਮਾਜ ਵਿੱਚ ਸਨਮਾਨਯੋਗ ਸਥਾਨ ਪ੍ਰਾਪਤ ਕਰਨ।

ਵਿਧਾਇਕ ਸੁਰਜੀਤ ਧੀਮਾਨ ਨੂੰ ਸਦਮਾ

ਸੁਨਾਮ, 8 ਜਨਵਰੀ (ਅਵਤਾਰ ਸਿੰਘ ਛਾਜਲੀ)-ਦਿੜ੍ਹਬਾ ਹਲਕਾ ਵਿਧਾਇਕ ਸ੍ਰ. ਸੁਰਜੀਤ ਸਿੰਘ ਧੀਮਾਨ ਅਤੇ ਵਿਸ਼ਵਕਰਮਾ ਐਗਰੋ ਇੰਡਸਟਰੀ ਦਿੜ੍ਹਬਾ ਦੇ ਐੱਮ.ਡੀ. ਸ੍ਰ. ਅਮਰਜੀਤ ਸਿੰਘ ਧੀਮਾਨ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਿਆ, ਜਦੋਂ ਉਨ੍ਹਾਂ ਦੇ ਮਾਤਾ ਸਰਦਾਰਨੀ ਸੁਰਜੀਤ ਕੌਰ ਅਚਾਨਕ ਅਕਾਲ ਚਲਾਣਾ ਕਰ ਗਏ। ਇਸ ਮੌਕੇ 'ਤੇ ਹਲਕਾ ਸ਼ੇਰਪੁਰ ਤੋਂ ਵਿਧਇਕ ਬੀਬੀ ਹਰਚੰਦ ਕੌਰ ਘਨੌਰੀ, ਸਾਬਕਾ ਵਿਧਾਇਕ ਨੱਥੂ ਰਾਮ ਮਲੋਟ, ਕਾਂਗਰਸ ਆਗੂ ਰਜਿੰਦਰ ਦੀਪਾ, ਦਰਸ਼ਨ ਸਿੰਘ ਘੁੰਮਾਣ ਸਾਬਕਾ ਟਰੱਕ ਯੂਨੀਅਨ ਪ੍ਰਧਾਨ, ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਦਰਸ਼ਨ ਸਿੰਘ ਘੁਮਾਣ, ਰਾਜ ਵਸ਼ਿਸਟ ਸੁਨਾਮ, ਗੁਰਮੇਲ ਸਿੰਘ ਗਹੀਰ, ਕੌਮਾਂਤਰੀ ਕਬੱਡੀ ਖਿਡਾਰੀ ਕਰਨ ਮਾਣ ਕੈਨੇਡਾ, ਅਕਾਲੀ ਆਗੂ ਤੇਜਾ ਸਿੰਘ ਕਮਾਲਪੁਰ, ਯੂਥ ਕਾਂਗਰਸ ਆਗੂ ਤੇਜੀ ਕਮਾਲਪੁਰ, ਮਾਰਕਿਟ ਕਮੇਟੀ ਦਿੜ੍ਹਬਾ ਦੇ ਪ੍ਰਧਾਨ ਜੱਗਾ ਦਾਸ, ਜੱਗ ਸਿੰਘ ਜਨਾਲ, ਕਾਮਰੇਡ ਭੀਮ ਸਿੰਘ ਦਿੜ੍ਹਬਾ, ਪ੍ਰਿੰਸੀਪਲ ਸੁਰਜੀਤ ਸਿੰਘ ਘੁਮਾਣ, ਸੁਖਦੇਵ ਸਿੰਘ, ਅਕਬਾਰਪੁਰ ਪਿੰਡ ਦੀਆਂ ਪੰਚਾਇਤਾਂ ਤੇ ਉਮੀਦ ਫਾਉਂਡੇਸ਼ਨ ਵੱਲ ਰੋਕੀ ਗਿੱਲ ਨੇ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਨੂੰ ਸਾਂਝਾ ਕੀਤਾ।

ਪੁਲਿਸ ਵੱਲੋਂ ਨਸ਼ਿਆਂ ਖਿਲਾਫ ਮੁਹਿੰਮ 'ਚ ਤੇਜ਼ੀ ਲਿਆਉਣ ਲਈ ਲੋਕਾਂ ਨੂੰ ਸਹਿਯੋਗ ਦੇਣ ਦੀ ਅਪੀਲ

ਚੌਕੀਮਾਨ, 8 ਫਰਵਰੀ (ਹਰਦਿਆਲ ਔਲਖ)-ਪੁਲਿਸ ਜ਼ਿਲ੍ਹਾ ਦਿਹਾਤੀ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਮੁਖੀ ਹਰਿੰਦਰ ਸਿੰਘ ਚਾਹਲ ਦੀਆਂ ਸਖਤ ਹਦਾਇਤਾਂ ਕਾਰਨ ਇਲਾਕੇ ਭਰ ਵਿੱਚ ਮੈਡੀਕਲ ਨਸ਼ਿਆਂ ਦੀ ਵਿਕਰੀ ਲੱਗਭੱਗ ਠੱਪ ਹੋ ਕੇ ਰਹਿ ਗਈ ਹੈ। ਜ਼ਿਲ੍ਹੇ ਅੰਦਰ ਪੈਂਦੇ ਥਾਣਿਆਂ-ਚੌਕੀਆਂ ਵੱਲੋਂ ਆਪੋ-ਆਪਣੇ ਪੱਧਰ 'ਤੇ ਨਸ਼ਿਆਂ ਦੀ ਇਸ ਤਸਕਰੀ ਨੂੰ ਰੋਕਣ ਲਈ ਸ਼ੁਰੂ ਕੀਤੀ ਮੁਹਿੰਮ ਵੀ ਸਾਰਥਿਕਤਾ ਵੱਲ ਅੱਪੜ ਰਹੀ ਹੈ। ਇਸੇ ਵਿਸ਼ੇਸ਼ ਮੁਹਿੰਮ ਤਹਿਤ ਪੁਲਿਸ ਥਾਣਾ ਸਿੱਧਵਾਂ ਬੇਟ ਦੇ ਮੁਖੀ ਬਲਬੀਰ ਸਿੰਘ ਅਤੇ ਚੌਕੀ ਭੂੰਦੜੀ ਦੇ ਇੰਚਾਰਜ ਜਸਵੀਰ ਸਿੰਘ ਵੱਲੋਂ ਪਿੰਡ ਸਬੱਦੀ ਕਲਾਂ 'ਚ ਇਲਾਕਾ ਵਾਸੀਆਂ ਦੀ ਇੱਕ ਇਕੱਤਰਤਾ ਵਿੱਚ ਨਸ਼ਿਆਂ ਖਿਲਾਫ ਛੇੜੀ ਇਸ ਮੁਹਿੰਮ 'ਚ ਤੇਜ਼ੀ ਲਿਆਉਣ ਲਈ ਆਮ ਲੋਕਾਂ ਦਾ ਸਹਿਯੋਗ ਵੀ ਜ਼ਰੂਰੀ ਹੈ। ਇਲਾਕੇ ਭਰ ਦੇ ਸੈਂਕੜੇ ਇਕੱਤਰ ਲੋਕਾਂ ਨੂੰ ਸੰਬੋਧਨ ਕਰਦਿਆਂ ਥਾਣਾ ਮੁਖੀ ਬਲਵੀਰ ਸਿੰਘ ਨੇ ਕਿਹਾ ਕਿ ਮੈਡੀਕਲ ਨਸ਼ਿਆਂ 'ਤੇ ਰੋਕ ਲਗ ਜਾਣ ਤੋਂ ਬਾਅਦ ਭੁੱਕੀ ਚੂਰੇ ਦੀ ਵੱਡੀ ਪੱਧਰ 'ਤੇ ਹੋ ਰਹੀ ਵਿਕਰੀ ਨੂੰ ਰੋਕਣ ਲਈ ਵੀ ਜਨਤਾ ਦੇ ਸਹਿਯੋਗ ਦੀ ਮੰਗ ਕੀਤੀ। ਥਾਣਾ ਮੁਖੀ ਸਿੱਧਵਾਂ ਬੇਟ ਬਲਬੀਰ ਸਿੰਘ ਨੇ ਅੱਗੇ ਕਿਹਾ ਕਿ ਛੋਟੇ-ਛੋਟੇ ਘਰੇਲੂ ਝਗੜੇ ਪਿੰਡਾਂ ਵਿੱਚ ਹੀ ਨਿਬੇੜੇ ਜਾਣ ਤਾਂ ਜੋ ਪੁਲਿਸ ਸਮਾਜਿਕ ਕੁਰੀਤੀਆਂ ਨੂੰ ਰੋਕਣ ਲਈ ਸਮਾਜ ਵਿਰੋਧੀ ਅਨਸਰਾਂ ਖਿਲਾਫ ਚੰਗੀ ਤਰ੍ਹਾਂ ਕੰਮ ਕਰ ਸਕੇ।

ਯੂਥ ਕਾਂਗਰਸੀ ਆਗੂ ਅਕਾਲੀ ਦਲ 'ਚ ਸ਼ਾਮਿਲ

ਸੰਗਰੂਰ, 8 ਫਰਵਰੀ (ਅਵਤਾਰ ਸਿੰਘ ਛਾਜਲੀ)-ਯੂਥ ਕਾਂਗਰਸ ਜ਼ਿਲ੍ਹਾ ਸੰਗਰੂਰ ਦੇ ਸਕੱਤਰ ਸ੍ਰੀ ਕੁਲਦੀਪ ਸਿੰਘ ਸਿਬੀਆ ਨੂੰ ਅਕਾਲੀ ਦਲ 'ਚ ਸ਼ਾਮਿਲ ਕਰ ਲਿਆ ਗਿਆ ਹੈ। ਇਹ ਦਾਅਵਾ ਕਰਦਿਆਂ ਯੂਥ ਅਕਾਲੀ ਆਗੂ ਸ੍ਰੀ ਦਿਨੇਸ਼ ਪਰੋਚਾ ਨੇ ਦੱਸਿਆ ਕਿ ਪੰਜਾਬ ਦੇ ਲੋਕ ਨਿਰਮਾਣ ਮੰਤਰੀ ਸ੍ਰ. ਪਰਮਿੰਦਰ ਸਿੰਘ ਢੀਂਡਸਾ ਨੇ ਸ੍ਰੀ ਸਿਬੀਆ ਨੂੰ ਸਿਰੋਪਾਓ ਪਾ ਕੇ ਪਾਰਟੀ ਵਿੱਚ ਸ਼ਾਮਿਲ ਕੀਤਾ। ਸ੍ਰੀ ਸਿਬੀਆ ਨੇ ਦੱਸਿਆ ਕਿ ਉਹ ਲੰਮੇ ਸਮੇਂ ਤੋਂ ਕਾਂਗਰਸ ਦੀ ਸੇਵਾ ਕਰਦੇ ਆ ਰਹੇ ਸਨ, ਪਰ ਕਾਂਗਰਸ ਪਾਰਟੀ ਨੇ ਉਨ੍ਹਾਂ ਵੱਲੋਂ ਕੀਤੇ ਕੰਮ ਦੀ ਕੋਈ ਕਦਰ ਨਹੀਂ ਪਾਈ।

ਸ਼ੁੱਧ ਹਰਬਲ ਸੁੰਦਰਤਾ ਉਤਪਾਦ ਲਾਂਚ ਹੋਏ

ਲੁਧਿਆਣਾ, 8 ਫਰਵਰੀ (ਰਾਜ ਜੋਸ਼ੀ)-ਹਰਬਲ ਉਤਪਾਦਾਂ ਦੀ ਦਿਨੋ ਦਿਨ ਵਧ ਰਹੀ ਸੰਸਾਰ ਭਰ ਵਿੱਚ ਮੰਗ ਨੂੰ ਦੇਖਦਿਆਂ ਕਿੰਗਜ਼ ਮੇਕਰ ਇੰਟਰਨੈਸ਼ਨਲ ਕੰਪਨੀ ਵੱਲੋਂ ਪੂਰੀ ਤਰ੍ਹਾਂ ਹਰਬਲ ਉਤਪਾਦ ਬਾਜ਼ਾਰ ਵਿੱਚ ਲਾਂਚ ਕੀਤੇ ਗਏ ਹਨ ਜਿਨ੍ਹਾਂ ਨੂੰ ਅੱਜ ਕੰਪਨੀ ਦੇ ਐਮ.ਡੀ. ਸ੍ਰ. ਜਗਦੇਵ ਸਿੰਘ ਗਰੇਵਾਲ ਅਤੇ ਪਾਰਟਨਰ ਰਵਿੰਦਰ ਸਿੰਘ ਵੱਲੋਂ ਲਾਂਚ ਕੀਤਾ ਗਿਆ।

ਇਸ ਸਮੇਂ ਸ੍ਰ. ਗਰੇਵਾਲ ਨੇ ਦੱਸਿਆ ਕਿ ਉਹ ਪਹਿਲਾਂ ਕਈ ਕੰਪਨੀਆਂ ਵਿੱਚ ਕੰਮ ਕਰਦੇ ਰਹੇ ਹਨ ਤੇ ਉਨ੍ਹਾਂ ਦਾ ਇਹ ਇਰਾਦਾ ਸੀ ਕਿ ਉਹ ਆਪਣੀ ਕੰਪਨੀ ਰਾਹੀਂ ਲੋਕਾਂ ਤੱਕ ਸ਼ੁੱਧ ਹਰਬਲ ਅਤੇ ਸਸਤੇ ਉਤਪਾਦ ਪਹੁੰਚਾਉਣਾ। ਉਨ੍ਹਾਂ ਦੱਸਿਆ ਕਿ ਉਹ 19 ਉਤਪਾਦ ਜਿਨ੍ਹਾਂ ਵਿੱਚ ਸੈਂਪੂ, ਕੰਡੀਸ਼ਨਰ, ਸੱਕਰਬਰ, ਫੇਸ ਮਾਸਚਰਾਈਜ਼ਰ, ਰਿੰਕਲ ਫਿਲਰ ਆਦਿ ਸ਼ਾਮਲ ਹਨ।

ਉਨ੍ਹਾਂ ਦੱਸਿਆ ਕਿ ਸਾਡੀ ਕੰਪਨੀ ਵੱਲੋਂ ਘਟ ਇਨਵੈਸਟਮੈਂਟ ਕਰਕੇ ਵੱਧ ਲਾਭ ਲੈ ਸਕਣ ਵਾਲੇ ਚੁਸਤ-ਫੁਰਤ ਵਿਅਕਤੀਆਂ ਲਈ ਬਿਊਟੀ ਐਂਡ ਵੈਲਥ ਸਕੀਮ ਚਲਾਈ ਗਈ ਹੈ ਜਿਸ ਨੂੰ ਅਸੀਂ ਪੂਰੇ ਭਾਰਤ ਵਿੱਚ ਚਲਾਵਾਂਗੇ। ਉਨ੍ਹਾਂ ਇਸ ਸਮੇਂ ਕਿਹਾ ਕਿ ਕਿਉਂਕਿ ਅਸੀਂ ਪੰਜਾਬ ਦੀ ਮਿੱਟੀ ਨਾਲ ਜੁੜੇ ਹੋਏ ਹਾਂ ਇਸ ਲਈ ਅਸੀਂ ਇਹ ਕੰਪਨੀ ਇਥੋਂ ਪੰਜਾਬ ਤੋਂ ਆਰੰਭ ਕਰ ਰਹੇ ਹਾਂ। ਜਦਕਿ ਬਹੁਤ ਸਾਰੀਆਂ ਕੰਪਨੀਆਂ ਇਥੇ ਆਈਆਂ ਪਰ ਕਾਮਯਾਬ ਨਹੀਂ ਹੋ ਸਕੀਆਂ। ਇਸ ਸਮੇਂ ਉਨ੍ਹਾਂ ਦੇ ਪਿਤਾ ਵੀ ਹਾਜ਼ਰ ਸਨ।

ਸਕੂਲ 'ਚ ਸਾਲਾਨਾ ਇਨਾਮ ਵੰਡ ਸਮਾਗਮ ਆਯੋਜਿਤ

ਘੁਮਾਣ, 8 ਫਰਵਰੀ (ਰਵਿੰਦਰਜੀਤ ਕੌਰ ਬਾਵਾ)-ਸੋਹਨ ਸਿੰਘ ਸੀਨੀਅਰ ਸੈਕੰਡਰੀ ਸਕੂਲ ਕਿਸ਼ਨਕੋਟ ਦਾ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਸਮਾਗਮ ਦਾ ਉਦਘਾਟਨ ਸਾਬਕਾ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਸ਼ਮਾ ਰੌਸ਼ਨ ਕਰਕੇ ਕੀਤਾ। ਇਸ ਮੌਕੇ 'ਤੇ ਮੁੱਖ ਮਹਿਮਾਨ ਸ੍ਰ. ਬਾਜਵਾ ਤੇ ਸਾਬਕਾ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਬੋਲਦਿਆਂ ਕਿਹਾ ਕਿ ਕਦੇ ਮਾਝੇ ਦਾ ਉਪਰਲੇ ਅਫਸਰਾਂ ਵਿੱਚ ਬੋਲ ਬਾਲਾ ਹੁੰਦਾ ਸੀ, ਪਰ ਹੁਣ ਸਾਡੇ ਨੌਜਵਾਨ ਥੱਲੇ ਦੀ ਭਰਤੀ ਦਾ ਹੀ ਮੂੰਹ ਵੇਖਦੇ ਹਨ। ਉਨ੍ਹਾਂ ਨੇ ਨੌਜਵਾਨਾਂ ਨੂੰ ਆਪਣੇ ਸੱਭਿਆਚਾਰ ਨੂੰ ਅਪਣਾਉਣ ਤੇ ਖੇਡਾਂ ਵੱਲ ਖਾਸ ਧਿਆਨ ਦੇਣ ਦੀ ਅਪੀਲ ਵੀ ਕੀਤੀ। ਇਸ ਮੌਕੇ 'ਤੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਕਸ਼ਮੀਰ ਸਿੰਘ ਬਰਿਆਰ, ਡਾ. ਰਣਜੀਤ ਸਿੰਘ ਅਠਵਾਲ, ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਅੰਮ੍ਰਿਤਸਰ ਰਾਜਿੰਦਰ ਪਾਲ ਪੱਪੂ, ਸਰਦੂਲ ਸਿੰਘ ਚੀਮਾ ਤੇ ਦੀਪ ਸਿੰਘ ਚੀਮਾ ਨੇ ਸਮਾਗਮ 'ਚ ਸੰਬੋਧਨ ਕੀਤਾ। ਪੰਡਤ ਰਾਮ ਪ੍ਰਕਾਸ਼ ਦਿੱਲੀ ਨੇ ਇੱਕ ਗਰੀਬ ਬੱਚੇ ਦਾ ਸਾਲ ਦਾ ਪੂਰਾ ਖਰਚਾ ਦੇਣ ਦਾ ਐਲਾਨ ਕੀਤਾ। ਬੱਚਿਆਂ ਨੇ ਕਵਿਤਾ, ਗੀਤ, ਸਕਿੱਟਾਂ, ਭੰਗੜਾ, ਗਿੱਧਾ, ਜਾਗੋ, ਭਾਸ਼ਨ ਆਦਿ ਨਾਲ ਆਏ ਹੋਏ ਪਤਵੰਤੇ ਸੱਜਣ ਦਾ ਮਨ ਮੋਹ ਲਿਆ।

ਪੰਡਵਾਂ ਵਿਖੇ ਭਗਤ ਰਵਿਦਾਸ ਗੁਰਪੁਰਬ 12 ਤੋਂ

ਜਲੰਧਰ, 8 ਫਰਵਰੀ (ਮਨਜੀਤ ਮਨੀ)-ਡੇਰਾ 108 ਸੰਤ ਬਾਬਾ ਹੰਸ ਰਾਜ ਜੀ ਮਹਾਰਾਜ ਖੇਡਵਾਂ ਨੇੜੇ ਫਗਵਾੜਾ ਵਿਖੇ ਡੇਰੇ ਦੇ ਗੱਦੀ ਨਸ਼ੀਨ 108 ਸੰਤ ਮਹਿੰਦਰ ਪਾਲ ਤੇ 108 ਸੰਤ ਬਿਮਲਾ ਰਾਣੀ ਦੀ ਯੋਗ ਅਗਵਾਈ ਹੇਠ ਭਗਤ ਰਵਿਦਾਸ ਜੀ ਦਾ 633ਵਾਂ ਮਹਾਨ ਗੁਰਪੁਰਬ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਪੂਰਵਕ ਮਿਤੀ 12 ਤੋਂ 14 ਫਰਵਰੀ ਤੱਕ ਮਨਾਇਆ ਜਾ ਰਿਹਾ ਹੈ। ਡੇਰੇ ਦੇ ਸਕੱਤਰ ਸ੍ਰ. ਬਾਲ ਕ੍ਰਿਸ਼ਨ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਗੁਰੂ ਰਵਿਦਾਸ ਤੀਰਥ ਅਸਥਾਨ ਪੰਡਵਾਂ ਵਿਖੇ ਭਗਤ ਰਵਿਦਾਸ ਜੀ ਦਾ ਗੁਰਪੁਰਬ ਮਨਾਇਆ ਜਾ ਰਿਹਾ ਹੈ। 12 ਫਰਵਰੀ ਨੂੰ 51 ਅਖੰਡ ਪਾਠਾਂ ਆਰੰਭ ਹੋਵੇਗੀ ਅਤੇ 14 ਫਰਵਰੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਖੁੱਲ੍ਹੇ 51 ਅਖੰਡ ਪਾਠਾਂ ਦੇ ਭੋਗ ਪਾਏ ਜਾਣਗੇ। ਇਸ ਉਪਰੰਤ ਅਥਾਹ ਕੀਰਤਨ ਪ੍ਰਵਾਹ ਚੱਲੇਗਾ। 108 ਸੰਤ ਮਹਿੰਦਰ ਪਾਲ ਆਪਣੇ ਪ੍ਰਵਚਨਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

ਭਗਤ ਰਵਿਦਾਸ ਜੀ ਨੇ ਕਦੇ ਵੱਖਵਾਦ ਦੀ ਗੱਲ ਨਹੀਂ ਕੀਤੀ-ਪੋਹੀੜ

ਅਹਿਮਦਗੜ੍ਹ, 8 ਫਰਵਰੀ (ਖੇੜਾ, ਰਛੀਨ)-ਸ੍ਰੀ ਗੁਰੂ ਰਵਿਦਾਸ ਸਿੱਖ ਮਿਸ਼ਨ ਦੇ ਪ੍ਰਧਾਨ ਭਾਈ ਬਲਵੀਰ ਸਿੰਘ ਪੋਹੀੜ ਨੇ ਕਿਹਾ ਕਿ ਇੱਕ ਡੇਰੇ ਵੱਲੋਂ ਰਵਿਦਾਸੀਆ ਭਾਈਚਾਰੇ ਲਈ ਇੱਕ ਵੱਖਰਾ ਗ੍ਰੰਥ, ਵੱਖਰਾ ਨਾਅਰਾ ਅਤੇ ਇੱਕ ਵੱਖਰਾ ਨਿਸ਼ਾਨ ਬਣਾਉਣ ਦਾ ਐਲਾਨ ਰਵਿਦਾਸੀਆ ਕੌਮ ਲਈ ਕੋਈ ਫਾਇਦੇਮੰਦ ਨਹੀਂ ਹੋਵੇਗਾ, ਕਿਉਂਕਿ ਭਗਤ ਰਵਿਦਾਸ ਜੀ ਨੇ ਕਦੇ ਵੀ ਵੱਖਵਾਦ ਦੀ ਗੱਲ ਨਹੀਂ ਕੀਤੀ, ਸਗੋਂ ਗੁਰੂ ਜੀ ਨੇ ਸਾਰੀਆਂ ਕੌਮਾਂ ਨੂੰ ਨਾਲ ਲੈ ਕੇ ਮਨੁੱਖਤਾ ਅੰਦਰ ਬੇਗਮਪੁਰੇ ਦੀ ਸਥਾਪਨਾ ਲਈ ਸਾਰੀ ਜ਼ਿੰਦਗੀ ਸੰਘਰਸ਼ ਕੀਤਾ ਅਤੇ ਸਭ ਕੌਮਾਂ ਦੇ ਮਹਾਂਪੁਰਸ਼ ਨੇ ਗੁਰੂ ਜੀ ਦਾ ਡਟ ਕੇ ਸਾਥ ਵੀ ਦਿੱਤਾ। ਪੋਹੀੜ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਕਿਸੇ ਜਾਤੀ ਵਿਸ਼ੇਸ਼ ਲਈ ਨਹੀਂ ਹਨ, ਸਗੋਂ ਸੰਸਾਰ ਵਿੱਚ ਵੱਸ ਰਹੇ ਹਰ ਪ੍ਰਾਣੀ ਦੇ ਭਲੇ ਲਈ ਹੈ। ਇਸ ਮੌਕੇ ਓਮ ਪ੍ਰਕਾਸ਼, ਜਗਤਾਰ ਸਿੰਘ ਸਰਾਭਾ, ਲਖਵਿੰਦਰ ਸਿੰਘ ਗੁੱਜਰਵਾਲ ਸਾਬਕਾ ਸਰਪੰਚ, ਰਾਜਿੰਦਰ ਸਿੰਘ ਰੰਗੂਵਾਲ, ਰਾਜਿੰਦਰ ਸਿੰਘ ਨੰਗਲ, ਕੇਵਲ ਸਿੰਘ ਸਵੱਦੀ, ਗੁਰਮੁੱਖ ਸਿੰਘ ਮਨਸੂਰਾਂ, ਸਿਕੰਦਰ ਸਿੰਘ ਸਿੱਧੂ, ਟਹਿਲ ਸਿੰਘ, ਦਰਸ਼ਨ ਸਿੰਘ ਕੁਤਬਾ ਆਦਿ ਹਾਜ਼ਰ ਸਨ।

ਡਿਪਟੀ ਕਮਿਸ਼ਨਗਰ ਦੀ ਅਗਵਾਈ ਵਿੱਚ ਲੋਕ ਸੁਵਿਧਾ ਕੈਂਪ ਲਗਾਇਆ

ਮਹਿਲ ਕਲਾਂ, 8 ਫਰਵਰੀ (ਪ੍ਰੇਮ ਕੁਮਾਰ)-ਬੀਤੇ ਦਿਨੀਂ ਅਨਾਜ ਮੰਡੀ ਮਹਿਲ ਕਲਾਂ ਵਿਖੇ ਡਿਪਟੀ ਕਮਿਸ਼ਨਰ ਸ੍ਰ. ਅਰਸ਼ਦੀਪ ਸਿੰਘ ਥਿੰਦ ਦੀ ਪ੍ਰਧਾਨਗੀ ਹੇਠ ਸੁਵਿਧਾ ਕੈਂਪ ਲਗਾਇਆ ਗਿਆ, ਜਿਸ ਵਿੱਚ ਹਲਕਾ ਇੰਚਾਰਜ ਸ੍ਰ. ਗੋਬਿੰਦ ਸਿੰਘ ਕਾਂਝਲਾ ਵੱਲੋਂ ਵੀ ਸ਼ਮੂਲੀਅਤ ਕੀਤੀ ਗਈ ਅਤੇ ਬੈਠ ਕੇ ਲੋਕਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰਨ ਦੀ ਕੋਸ਼ਿਸ਼ ਕੀਤੀ ਗਈ। ਪਰ ਦੂਜੇ ਪਾਸੇ ਦੇਖਣ 'ਤੇ ਮਿਲਿਆ ਕਿ ਇਹ ਸੁਵਿਧਾ ਕੇਂਦਰ ਨਹੀਂ, ਦੁਬਿਧਾ ਕੈਂਪ ਸੀ, ਕਿਉਂਕਿ ਵੱਡੀ ਗਿਣਤੀ ਵਿੱਚ ਪਹੁੰਚੇ ਲੋਕ ਨਿਰਾਸ਼ ਮੁੜਦੇ ਦੇਖੇ ਗਏ। ਪਿੰਡ ਛੀਨੀਵਾਲ ਕਲਾਂ ਦੀ ਅੰਗਹੀਣ ਤੇ ਵਿਧਵਾ ਔਰਤ ਜੋ ਧਰੋਤੀ ਤੇ ਰੁੜ੍ਹ-ਰੁੜ੍ਹ ਕੇ ਇਸ ਕੈਂਪ ਵਿੱਚ ਪਹੁੰਚੀ ਸੀ, ਪਰ ਜਦੋਂ ਉਸ ਦੀ ਕੋਈ ਸੁਣਵਾਈ ਨਾ ਹੋਈ ਤਾਂ ਉਸ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਦੀ ਪੰਚਾਇਤ ਵੱਲੋਂ ਸਾਨੂੰ ਇੱਕ ਟੈਂਪੂ ਰਾਹੀਂ ਇਸ ਕੈਂਪ ਵਿੱਚ ਭੇਜ ਦਿੱਤਾ ਗਿਆ। ਇੱਥੇ ਪਹੁੰਚਣ 'ਤੇ ਅਧਿਕਾਰੀਆਂ ਨੇ ਕਿਹਾ ਕਿ ਛੀਨੀਵਾਲ ਕਲਾਂ ਦਾ ਅਜੇ ਕੋਈ ਨੰਬਰ ਨਹੀਂ ਹੈ। ਇਸ ਮੌਕੇ ਐੱਸ.ਐੱਸ.ਪੀ. ਬਰਨਾਲਾ ਦੇ ਨਾ ਪਹੁੰਚਣ 'ਤੇ ਉਨ੍ਹਾਂ ਦੀ ਗੈਰ-ਹਾਜ਼ਰੀ ਰੜਕਦੀ ਰਹੀ ਤੇ ਉਨ੍ਹਾਂ ਨਾਲ ਸੰਬੰਧਤ ਕੰਮ ਕਾਜ ਨੇਪਰੇ ਨਹੀਂ ਚੜ੍ਹ ਸਕੇ।

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲੱਗੇ ਇਸ ਸੁਵਿਧਾ ਕੈਂਪ ਵਿੱਚ ਵੱਖ-ਵੱਖ ਵਿਭਾਗਾਂ ਨਾਲ ਉੱਚ ਅਧਿਕਾਰੀਆਂ ਵੱਲੋਂ ਵੱਖ-ਵੱਖ ਕਾਊਂਟਰ ਲਗਾ ਕੇ ਫਾਰਮ ਤੇ ਜਾਣਕਾਰੀ ਦਿੱਤੀ ਗਈ। ਇਸ ਸਮੇਂ ਕਾਰਜਕਾਰੀ ਮੈਜਿਸਟਰੇਟ ਵੱਲੋਂ 300 ਹਲਫੀਆ ਬਿਆਨ, 5 ਕਰਜ਼ੇ ਦੀਆਂ ਸਹਿਕਾਰਤਾ ਵੀਹ ਸਕੀਮਾਂ, ਲੋਨ ਜਿਨ੍ਹਾਂ ਵਿੱਚ ਇੱਕ ਕਰੋੜ 10 ਹਜ਼ਾਰ ਤੇ 25 ਹਜ਼ਾਰ ਤੋਂ 5 ਲਖ ਰੁਪਏ ਤੱਕ ਦੇ ਲੋਨਾਂ ਬਾਰੇ ਲੋਕਾਂ ਨੂੰ ਜਾਣਕਾਰੀ ਦਿੱਤੀ ਗਈ।

ਡੈਮੋਕਰੇਟਿਕ ਟੀਚਰ ਫਰੰਟ ਬਲਾਕ ਧਰਮਕੋਟ ਦੀ ਮੀਟਿੰਗ 13 ਨੂੰ

ਧਰਮਕੋਟ, 8 ਫਰਵਰੀ (ਬਿੱਟੂ)-ਡੈਮੋਕਰੇਟਿਕ ਫਰੰਟ ਪੰਜਾਬ ਦੇ ਬਲਾਕ ਧਰਮਕੋਟ ਦੀ ਮੀਟਿੰਗ ਸ੍ਰ. ਕੇਹਰ ਸਿੰਘ ਬਲਾਕ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਧੀਨ ਸਕੂਲਾਂ ਨੂੰ ਸਿੱਖਿਆ ਵਿਭਾਗ ਵਿੱਚ ਲਿਆਉਣ ਲਈ ਈ.ਟੀ.ਟੀ. ਅਧਿਆਪਕ ਜਥੇਬੰਦੀ ਵੱਲੋਂ 13 ਫਰਵਰੀ ਨੂੰ ਰੈਲੀ ਕੀਤੀ ਜਾ ਰਹੀ ਹੈ, ਜਿਸ ਵਿੱਚ ਸ੍ਰ. ਸੁਰਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ, ਡੀ.ਟੀ.ਐੱਫ. ਮੋਗਾ ਵੱਲੋਂ ਲਾਏ ਬਲਾਕਾਂ ਦੇ ਕੋਟੇ ਅਨੁਸਾਰ ਧਰਮਕੋਟ ਬਲਾਕ ਭਰਵੀਂ ਸ਼ਮੂਲੀਅਤ ਕਰੇਗਾ। ਇਸ ਮੀਟਿੰਗ ਵਿੱਚ ਦਰਸ਼ਨ ਸਿੰਘ ਮੱਲ੍ਹੀ ਜ਼ਿਲ੍ਹਾ ਕਮੇਟੀ ਮੈਂਬਰ ਪ੍ਰੇਮ ਕੁਮਾਰ ਸਕੱਤਰ, ਰਾਜ ਕੁਮਾਰ ਖਜ਼ਾਨਚੀ, ਜਸਵਿੰਦਰ ਸਿੰਘ, ਪ੍ਰੇਮ ਸਿੰਘ, ਹਰੀ ਸਿੰਘ, ਰਾਮ ਨਾਥ ਤੇ ਸਮੂਹ ਮੈਂਬਰ ਹਾਜ਼ਰ ਸਨ।

ਮੈਕਸ ਉੱਤੇ ਯਸ਼ ਰਾਜ ਫਿਲਮ ਫੈਸਟੀਵਲ ਰਾਹੀਂ ਯਾਦਾਂ ਦਾ ਮੇਲਾ

ਲੁਧਿਆਣਾ, 8 ਫਰਵਰੀ (ਸਚਦੇਵਾ)-ਮੈਕਸ ਜੋ ਕਿ ਫਿਲਮਾਂ ਅਤੇ ਸਪੈਸ਼ਲ ਇਵੈਂਟਸ ਸੰਬੰਧੀ ਮੁੱਖ ਚੈਨਲ ਹੈ, ਨੇ ਬਸੰਤ ਦੇ ਇਸ ਸੁਹਾਵਣੇ ਮੌਸਮ ਦੌਰਾਨ ਇੱਕ ਵਾਰੀ ਫੇਰ ਯਾਦਾਂ ਦਾ ਮੇਲਾ ਲਾਉਣ ਦਾ ਫੈਸਲਾ ਕੀਤਾ ਹੈ । ਇਸ ਲਈ ਮੈਕਸ ਪੇਸ਼ ਕਰ ਰਿਹਾ ਹੈ, ਸੁਨਹਿਰੇ ਸੁਪਨਿਆਂ ਦੇ ਸੌਦਾਗਰ ਮੰਨੇ ਜਾਣ ਵਾਲੇ ਬਾਲੀਵੁੱਡ ਬੈਨਰ 'ਯਸ਼ ਰਾਜ ਫਿਲਮਜ਼' ਦੀਆਂ ਸਦਾਬਾਹਰ ਰੁਮਾਂਟਿਕ ਫਿਲਮਾਂ, ਜਿਨ੍ਹਾਂ ਦਾ ਜਾਦੂ ਹਮੇਸ਼ਾ ਸਿਰ ਚੜ੍ਹ ਕੇ ਬੋਲਦਾ ਰਿਹਾ ਹੈ। ਖੂਬਸੂਰਤ ਲੋਕੇਸ਼ਨਾਂ, ਦਿਲਕਸ਼ ਸੰਗੀਤ, ਮਨਮੋਹਣਾ ਡਾਂਸ, ਪਿਆਰ, ਚਾਹਤ, ਸਾੜਾ ਅਤੇ ਭਾਈਚਾਰੇ ਦੀਆਂ ਰੌਚਕ ਕਹਾਣੀਆਂ ਇਨ੍ਹਾਂ ਫਿਲਮਾਂ ਦੀਆਂ ਖਾਸੀਅਤ ਰਹੀ ਹੈ। ਇਨ੍ਹਾਂ ਰੰਗਾਂ ਨਾਲ ਸ਼ਿੰਗਾਰੀਆਂ ਫਿਲਮਾਂ 8 ਫਰਵਰੀ ਤੋਂ ਲੈ ਕੇ 19 ਫਰਵਰੀ 2010 ਤੱਕ ਸੋਮਵਾਰ ਤੋਂ ਸ਼ੁੱਕਰਵਾਰ ਦੇ ਦਿਨਾਂ ਦੌਰਾਨ ਰਾਤ 8.00 ਵਜੇ ਸਿਰਫ ਮੈਕਸ ਉੱਤੇ ਤੁਹਾਡਾ ਮਨੋਰੰਜਨ ਕਰਿਆ ਕਰਨਗੀਆਂ।

ਨਸ਼ਿਆਂ ਦੀ ਭਰਮਾਰ ਨੇ ਨੌਜਵਾਨੀ ਨੂੰ ਖੋਖਲਾ ਕੀਤਾ

ਝੁਨੀਰ, 8 ਫਰਵਰੀ (ਗੁਰਵਿੰਦਰ ਭੋਲਾ)-ਪੰਜਾਬ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ ਆਰੰਭੀ ਮੁਹਿੰਮ ਅਧੀਨ ਅੱਜ ਜ਼ਿਲ੍ਹਾ ਪੁਲਿਸ ਮੁਖੀ ਸ੍ਰ. ਹਰਦਿਆਲ ਸਿੰਘ ਮਾਨ ਦੀ ਹਦਾਇਤ ਤੇ ਕਸਬਾ ਝੁਨੀਰ ਦੇ ਸਰਕਾਰੀ ਸੈਕੰਡਰੀ ਸਕੂਲ, ਝੁਨੀਰ ਤੇ ਦਸਮੇਸ਼ ਪਬਲਿਕ ਸਕੂਲ ਝੁਨੀਰ, ਗਿਆਨ ਜੋਤੀ ਪਬਲਿਕ ਸਕੂਲ ਵਿਖੇ ਵਿਦਿਆਰਥੀਆਂ, ਸਕੂਲਾਂ ਦੇ ਸਟਾਫ ਅਤੇ ਸਕੂਲਾਂ ਦੀਆਂ ਪਸਵਕ ਅਤੇ ਪੀ.ਟੀ.ਏ. ਕਮੇਟੀ ਦੇ ਮੈਂਬਰਾਂ ਦੀ ਸ਼ਮੂਲੀਅਤ ਨਾਲ ਲੋਕਾਂ ਨੂੰ ਨਸ਼ਿਆਂ ਦੇ ਮਾਰੂ ਅਸਰਾ ਪ੍ਰਤੀ ਜਾਗਰੂਕ ਕਰਨ ਲਈ ਸੈਮੀਨਾਰ ਕਰਵਾਏ ਗਏ। ਇਨ੍ਹਾਂ ਸੈਮੀਨਾਰਾਂ ਵਿੱਚ ਮੁੱਖ ਮਹਿਮਾਨ ਪੀ.ਜੀ.ਆਈ. ਦੇ ਡਾ. ਐੱਮ.ਕੇ. ਗੌੜ ਨੇ ਬਤੌਰ ਮੁੱਖ ਮਹਿਮਾਨ ਅਤੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ, ਜਦਕਿ ਥਾਣਾ ਝੁਨੀਰ ਦੇ ਐੱਸ.ਐੱਚ.ਓ. ਸ੍ਰ. ਦਲਬੀਰ ਸਿੰਘ ਵੀ ਉਪਰੋਕਤ ਸਕੂਲਾਂ ਵਿੱਚ ਹੋਏ ਸਮਾਗਮ ਵਿੱਚ ਉਚੇਚੇ ਤੌਰ 'ਤੇ ਭਾਗ ਲਿਆ ਅਤੇ ਉਨ੍ਹਾਂ ਨਸ਼ਿਆਂ ਵਿਰੁੱਧ ਕਾਫੀ ਚਰਚਾ ਕੀਤੇ ਅਤੇ ਬੱਚਿਆਂ ਨੂੰ ਨਸ਼ਿਆਂ ਤੋਂ ਬਚ ਲਈ ਕਹਿ ਸਥਾਨਕ ਸਰਕਾਰੀ ਸੈਕੰਡਰੀ ਸਕੂਲ ਝੁਨੀਰ ਵਿਖੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਡਾ. ਗੌੜ ਨੇ ਨਸ਼ਿਆਂ ਦੇ ਪਿਛੋਕੜ , ਨਸ਼ਿਆਂ ਦੀ ਵਰਤੋਂ ਦੇ ਕਾਰਨਾਂ ਅਤੇ ਪ੍ਰਭਾਵਾਂ ਦਾ ਜਿੱਥੇ ਵਿਸਥਾਰ ਨਾਲ ਜ਼ਿਕਰ ਕੀਤਾ। ਉੱਥੇ ਉਨ੍ਹਾਂ ਨੇ ਹਰ ਪ੍ਰਕਾਰ ਦੇ ਨਸ਼ਿਆਂ ਨੂੰ ਬਿਨਾਂ ਅੰਗਰੇਜ਼ੀ ਦਵਾਈ ਦੀ ਵਰਤੋਂ ਕਰਨ ਦੇ ਕਈ ਸਾਧਨ ਵੀ ਦੱਸੇ। ਥਾਣਾ ਮੁਖੀ ਸ੍ਰ. ਦਲਵੀਰ ਸਿੰਘ ਨੇ ਕਿਹਾ ਕਿ ਪੰਜਾਬ ਪੁਲਿਸ ਵਿਭਾਗਾਂ ਨੇ ਨਸ਼ੇ ਛੱਡਣ ਵਾਲੇ ਲੋਕਾਂ ਦੇ ਸੰਭਵ ਤਰੀਕੇ ਨਾਲ ਮੱਦਦ ਕਰਨ ਲਈ ਕਿਹਾ। ਇਸ ਮੌਕੇ 'ਤੇ ਜਥੇਦਾਰ ਕਿਸਾਨ ਆਗੂ ਮੁਖਤਿਆਰ ਸਿੰਘ ਗਾਪਾ, ਪਰਵਿੰਦਰ ਸ਼ਰਮਾ, ਅਧਿਆਪਕ ਦਰਸ਼ਨ ਸਿੰਘ, ਹਰਪ੍ਰੀਤ ਸਿੰਘ ਹਾਜ਼ਰ ਸਨ।

ਯਸ਼ਪਾਲ ਸ਼ਰਮਾ ਪ੍ਰਧਾਨ ਬਣੇ

ਫਿਰੋਜ਼ਪੁਰ, 8 ਫਰਵਰੀ (ਜੀ.ਐੱਸ. ਕਾਲੜਾ)-ਫਿਰੋਜ਼ਪੁਰ ਛਾਉਣੀ ਨਿਵਾਸੀਆਂ ਦਾ ਇੱਕ ਇਕੱਠ ਪੰ. ਰਾਕੇਸ਼ ਵਸ਼ਿਸ਼ਟ ਦੀ ਪ੍ਰਧਾਨਗੀ ਹੇਠ ਹੋਇਆ। ਜਿਸ ਵਿੱਚ ਸਰਬ ਸੰਮਤੀ ਨਾਲ ਸ੍ਰੀ ਮਹਿੰਦੀਪੁਰ ਬਾਬਾ ਜੀ ਸੇਵਾ ਸੰਘ ਦੀ ਸਥਾਪਨਾ ਕੀਤੀ ਗਈ ਅਤੇ ਇਸ ਸੰਘ ਦਾ ਪ੍ਰਧਾਨ ਸ੍ਰੀ ਯਸ਼ਪਾਲ ਸ਼ਰਮਾ ਨੂੰ ਬਣਾਇਆ ਗਿਆ ਅਤੇ ਸਾਰੇ ਹੱਕ ਕਮੇਟੀ ਬਣਾਉਣ ਦੇ ਪ੍ਰਧਾਨ ਨੂੰ ਦਿੱਤੇ ਗਏ। ਜਿਸ ਵਿੱਚ ਸ੍ਰੀ ਬਲਦੇਵ ਰਾਜ ਮਦਾਨ ਨੂੰ ਉਪ ਪ੍ਰਧਾਨ ਬਣਾਇਆ ਗਿਆ। ਬਾਕੀ ਕਮੇਟੀ ਦਾ ਐਲਾਨ ਅਗਲੇ ਹਫਤੇ ਕੀਤਾ ਜਾਵੇਗਾ। ਇਸ ਦੀ ਜਾਣਕਾਰੀ ਸ੍ਰੀ ਰੋਹਿਤ ਭਗਤ ਨੇ ਦਿੱਤੀ। ਉਨ੍ਹਾਂ ਕਿਹਾ ਕਿ 19 ਫਰਵਰੀ ਨੂੰ ਸ੍ਰੀ ਬਾਲਾ ਜੀ ਦੀ ਸ਼ੋਭਾ ਯਾਤਰਾ ਅਤੇ ਨਿਸ਼ਾਨ ਯਾਤਰਾ ਸ੍ਰੀ ਸ਼ਾਮ ਪ੍ਰਭੂ ਖਾਟੂ ਵਾਲਿਆਂ ਦੀ ਯਾਤਰਾ ਦੇ ਨਾਲ ਕੱਢੀ ਜਾਵੇਗੀ। ਇਸ ਸੰਘ ਦਾ ਮੁੱਖ ਮੰਤਵ ਸ੍ਰੀ ਰਾਮ ਨਾਮ ਦਾ ਪ੍ਰਚਾਰ ਲੋਕ ਕਲਿਆਣ ਅਤੇ ਸੇਵਾ ਸਮਾਜ ਤੋਂ ਇਲਾਵਾ ਗਊ ਗਰੀਬ ਦੀ ਰੱਖਿਆ ਅਤੇ ਮੱਦਦ ਕਰਨਾ ਹੋਵੇਗਾ।

ਲੋਕ ਚੇਤਨਾ ਲਾਇਬ੍ਰੇਰੀ ਭਲੂਰ ਦੀ ਮੀਟਿੰਗ

ਸਮਾਲਸਰ, 8 ਫਰਵਰੀ (ਕੰਵਲਜੀਤ ਭੋਲਾ)-ਸਾਹਿਤ ਸਭਾ ਦਿੱਲੀ ਦੇ ਸਹਿਯੋਗ ਨਾਲ ਪਿੰਡ ਭਲੂਰ ਵਿਖੇ ਖੋਲ੍ਹੀ ਗਈ ਲੋਕ ਚੇਤਨਾ ਲਾਇਬ੍ਰੇਰੀ ਦੀ ਮੀਟਿੰਗ ਨੌਜਵਾਨ ਬੇਅੰਤ ਗਿੱਲ ਭਲੂਰ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਲਾਇਬ੍ਰੇਰੀ ਵਿੱਚ ਨਵੀਆਂ ਕਿਤਾਬਾਂ ਲਿਆਉਣ ਵਾਸਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਸਮੇਂ ਬੇਅੰਤ ਸਿੰਘ ਗਿੱਲ ਭਲੂਰ ਤੋਂ ਇਲਾਵਾ ਗਗਨਦੀਪ ਸੰਧੂ ਭਲੂਰ, ਗੇਂਦਾ ਢਿੱਲੋਂ ਭਲੂਰ, ਮਨਦੀਪ ਢਿੱਲੋਂ ਭਲੂਰ, ਮਨਪ੍ਰੀਤ ਸਿੰਘ, ਮਨਪ੍ਰੀਤ ਬਰਾੜ, ਗੁਰਮੇਜ ਸਿੰਘ ਬਲਵਿੰਦਰ ਸਿੰਘ ਮਨਦੀਪ ਸਿੰਘ ਸਿੱਧੂ, ਦਲਜੀਤ ਸਿੰਘ ਵਾਹਲਾ ਆਦਿ ਹਾਜ਼ਰ ਸਨ।

ਯੂਥ ਕਾਂਗਰਸੀਆਂ ਬਾਲ ਠਾਕਰੇ ਤੇ ਰਾਜ ਠਾਕਰੇ ਦੇ ਪੁਤਲੇ ਸਾੜੇ

ਨੂਰਪੁਰ ਬੇਦੀ, 8 ਫਰਵਰੀ (ਬਲਵਿੰਦਰ ਰੈਤ)-ਸ਼ਿਵ ਸੈਨਾ ਮੁੱਖੀ ਬਾਲ ਠਾਕਰੇ ਤੇ ਰਾਜ ਠਾਕਰੇ ਦੀਆਂ ਜਾਤ-ਪਾਤ ਧਰਮ ਅਤੇ ਭਾਸ਼ਾ ਦੇ ਨਾਮ 'ਤੇ ਦੇਸ਼ ਵਿਰੋਧੀ ਹਰਕਤਾਂ ਵਿਰੁੱਧ ਗੁਸਾਏ ਯੂਥ ਕਾਂਗਰਸੀ ਆਗੂਆਂ ਨੇ ਅੱਜ ਨੂਰਪੁਰ ਬੇਦੀ ਦੇ ਮੁੱਖ ਮਾਰਗ ਤੇ ਸਥਿਤ ਚੋਰਾਹੇ ਵਿੱਚ ਬਾਲ ਠਾਕਰੇ ਤੇ ਰਾਜ ਠਾਕਰੇ ਦੇ ਬਲਾਕ ਯੂਥ ਕਾਂਗਰਸ ਦੇ ਪ੍ਰਧਾਨ ਨਰਿੰਦਰ ਜੋਗਾ ਦੀ ਅਗਵਾਈ ਹੇਠ ਪੁਤਲੇ ਫੂਕੇ ਗਏ। ਇਸ ਮੌਕੇ ਬਲਵਿੰਦਰ ਹੱਲਣ, ਹਨੀ, ਕਪਿਲ ਮੁਰਾਰੀ, ਜੀਵਨ ਕਾਲਾ, ਮੁਕੇਸ਼ ਮੁਰਾਰੀ, ਨਿਤਿਨ ਪੰਡਿਤ, ਦਵਿੰਦਰ ਕੁਮਾਰ, ਰਾਮ ਕੁਮਾਰ ਆਦਿ ਹਾਜ਼ਰ ਸਨ। ਇਸ ਮੌਕੇ ਬੋਲਦਿਆਂ ਯੂਥ ਕਾਂਗਰਸ ਪ੍ਰਧਾਨ ਨਰਿੰਦਰ ਜੋਗਾ ਨੇ ਕਿਹਾ ਕਿ ਬਾਲ ਠਾਕਰੇ ਸਮਾਜ ਨੂੰ ਵੰਡਣ ਦੀ ਕੋਸ਼ਿਸ ਕਰ ਰਿਹਾ ਹੈ, ਜੋ ਕਿ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਖਤਰਾ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਭਾਰਤ, ਭਾਰਤੀਆਂ ਦਾ ਹੈ ਤੇ ਕਿਸੇ ਵੀ ਵਿਅਕਤੀ ਨੂੰ ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਕਿਤੇ ਵੀ ਰਹਿਣ ਦਾ ਸੰਵਿਧਾਨਕ ਅਧਿਕਾਰ ਪ੍ਰਾਪਤ ਹੈ। ਉਨ੍ਹਾਂ ਸ਼ਿਵ ਸੈਨਿਕਾਂ ਵੱਲੋਂ ਰਾਹੁਲ ਗਾਂਧੀ 'ਤੇ ਕੀਤੀ ਟਿੱਪਣੀ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਅਜਿਹੇ ਲੋਕ ਜੋ ਸਮਾਜ ਵਿੱਚ ਜ਼ਹਿਰ ਘੋਲ ਰਹੇ ਹਨ ਨੂੰ ਭਾਰਤ ਵਾਸੀ ਕਦੇ ਵੀ ਮੁਆਫ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੇਸ਼ ਵਿਰੋਧੀ ਤਾਕਤਾਂ ਨੂੰ ਮੂੰਹ ਤੋੜ ਜਵਾਬ ਦੇਣ ਲਈ ਤਿਆਰ ਹੈ। ਉਨ੍ਹਾਂ ਰਾਹੁਲ ਗਾਂਧੀ ਦੇ ਮੁੰਬਈ ਦੌਰੇ ਨੂੰ ਸਾਹਸ ਭਰਿਆ ਕਦਮ ਦੱਸਿਆ। ਇਸ ਤੋਂ ਪਹਿਲਾਂ ਨੂਰਪੁਰ ਬੇਦੀ ਤੇ ਯੂਥ ਕਾਂਗਰਸੀਆਂ ਵੱਲੋਂ ਠਾਕਰਿਆਂ ਦੇ ਪੁਤਲੇ ਸਾੜੇ ਗਏ ਤੇ ਉਨ੍ਹਾਂ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਦੇਸ਼ ਧ੍ਰੋਹ ਦਾ ਮਾਮਲਾ ਦਰਜ ਕਰਨ ਦੀ ਮੰਗ ਕੀਤੀ।

ਮੈਡੀਕਲ ਪ੍ਰੈਕਟੀਸ਼ਨਰ ਬਲਾਕ ਸਹਿਣਾ ਦੀ ਚੋਣ

ਤਪਾ ਮੰਡੀ, 8 ਫਰਵਰੀ (ਯਾਦੂ ਭੁੱਲਰ)-ਬਲਾਕ ਸਹਿਣਾ ਦੇ ਮੈਡੀਕਲ ਪ੍ਰੈਕਟੀਸ਼ਨਰਾਂ ਦੀ ਇੱਕ ਅਹਿਮ ਮੀਟਿੰਗ ਕਰਕੇ ਸਰਬ ਸੰਮਤੀ ਨਾਲ ਸਾਲਾਨਾ ਮੈਂਬਰ ਤੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ।

ਇਹ ਜਾਣਕਾਰੀ ਡਾ. ਮਨਜੀਤ ਸਿੰਘ ਸਹਿਣਾ ਨੇ ਪੱਤਰਕਾਰਾਂ ਨੂੰ ਦਿੰਦਿਆਂ ਦੱਸਿਆ ਕਿ ਵੱਖ-ਵੱਖ ਪਿੰਡਾਂ ਤੋਂ ਪਹੁੰਚੇ ਤਕਰੀਬਨ 150 ਦੇ ਕਰੀਬ ਆਰ.ਐੱਮ.ਪੀ. ਡਾਕਟਰਾਂ ਵਿੱਚੋਂ ਚੁਣੀ ਗਈ ਅਡਵਾਇਜ਼ਰ ਕਮੇਟੀ ਦੁਆਰਾ ਨਵੇਂ ਅਹੁਦੇਦਾਰਾਂ ਤੇ ਮੈਂਬਰਾਂ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ। ਜਿਸ ਦੌਰਾਨ ਯੂਨੀਅਨ ਦੇ ਪ੍ਰਧਾਨ ਡਾ. ਜੱਗਾ ਸਿੰਘ ਮੌੜ, ਚੌਥੀ ਵਾਰ ਫੇਰ ਪ੍ਰਧਾਨ ਚੁਣੇ ਗਏ। ਮੀਤ ਪ੍ਰਧਾਨ ਡਾ. ਦਰਸ਼ਨ ਕੁਮਾਰ ਢਿੱਲਵਾਂ, ਡਾ. ਗੁਰਸੇਵਕ ਸਿੰਘ ਮੜੂਕੇ ਅਤੇ ਡਾ. ਬਿੱਕਰ ਸਿੰਘ ਬੁਰਜ, ਸਕੱਤਰ ਡਾ. ਗੁਰਮੇਲ ਅਤੇ ਡਾ. ਸੁਦਾਗਰ ਸਿੰਘ ਭੋਤਨਾ, ਖਜ਼ਾਨਾ ਡਾ. ਜਗਤਾਰ ਸਿੰਘ ਟੱਲੇਵਾਲ ਅਤੇ ਡਾ. ਹਰਨੇਕ ਸਿੰਘ , ਸਰਪ੍ਰਸਤ ਡਾ. ਹਰੀ ਸਿੰਘ ਰਾਮਗੜ੍ਹ ਅਤੇ ਡਾ. ਬਲਜੀਤ ਸਿੰਘ ਜੈਮਲ ਸਿੰਘ ਵਾਲਾ, ਸਲਾਹਕਾਰ ਡਾ. ਕ੍ਰਿਸ਼ਨ ਵਧਾਤੇ ਅਤੇ ਡਾ. ਦਰਸ਼ਨ ਸਿੰਘ ਸੰਧੂ ਕਲਾਂ, ਪ੍ਰੈੱਸ ਸਕੱਤਰ ਡਾ. ਮਨਜੀਤ ਸਿੰਘ ਮਹਿਤਾ ਤੇ ਡਾ. ਜਸਵੰਤ ਨੱਤ ਉਗੋਕੇ ਚੁਣੇ ਗਏ। ਮੀਟਿੰਗ ਉਪਰੰਤ ਇਨ੍ਹਾਂ ਨੇ ਇੱਕ ਮਤਾ ਪਾ ਕੇ ਸਰਕਾਰ ਤੋਂ ਮੰਗ ਕੀਤੀ ਕਿ ਭਵਿੱਖ ਵਿੱਚ ਸਾਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਅਸੀਂ ਤਨਦੇਹੀ ਨਾਲ ਇਸ ਸਮਾਜ ਸੇਵੀ ਕੰਮ ਨੂੰ ਲਗਨ ਨਾਲ ਕਰ ਸਕੀਏ। ਉਨ੍ਹਾਂ ਇਹ ਵੀ ਫੈਸਲਾ ਲਿਆ ਕਿ ਯੂਨੀਅਨ ਦਾ ਕੋਈ ਵੀ ਮੈਂਬਰ ਸਮਾਜ ਦੇ ਵਿਰੋਧੀ ਕੰਮ ਵਿੱਚ ਹਿੱਸਾ ਨਹੀਂ ਲਵੇਗਾ ਅਤੇ ਸਾਫ-ਸੁਥਰੀ ਪ੍ਰੈਕਟਸ ਹੀ ਕਰੇਗਾ ਤੇ ਗਲਤ ਕੰਮ ਨੂੰ ਅੰਜਾਮ ਦੇਣ ਵਾਲੇ ਡਾਕਟਰਾਂ ਦੀ ਯੂਨੀਅਨ ਕੋਈ ਮੱਦਦ ਨਹੀਂ ਕਰੇਗੀ।

ਪੰਜਾਬ ਸਰਕਾਰ ਪਿੰਡਾਂ ਦੇ ਵਿਕਾਸ ਲਈ ਵਚਨਬੱਧ-ਕਾਕਾ ਸੁਖਮਨ ਸਿੱਧੂ

ਤਲਵੰਡੀ ਸਾਬੋਂ, 8 ਫਰਵਰੀ (ਰਣਜੀਤ ਸਿੰਘ ਰਾਜੂ)-ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੇਂਡੂ ਖੇਤਰਾਂ ਦੇ ਵਿਕਾਸ ਨੂੰ ਸਭ ਤੋਂ ਵੱਧ ਤਰਜੀਹ ਦੇ ਰਹੀ ਹੈ। ਇਸੇ ਸਕੀਮ ਤਹਿਤ ਹੀ ਪਿੰਡਾਂ ਦੇ ਲੋਕਾਂ ਨੂੰ ਪੀਣ ਲਈ ਸਾਫ ਪਾਣੀ ਮੁੱਹਈਆ ਕਰਵਾਉਣ ਲਈ ਹਰ ਪਿੰਡ ਵਿੱਚ ਆਰ.ਓ. ਸਿਸਟਮ ਲਾਏ ਗਏ ਹਨ ਅਤੇ ਜਿਨ੍ਹਾਂ ਪਿੰਡਾਂ ਵਿੱਚ ਨਹੀਂ ਲੱਗੇ, ਉਨ੍ਹਾਂ ਵਿੱਚ ਜਲਦੀ ਹੀ ਲਾ ਦਿੱਤੇ ਜਾਣਗੇ। ਉਕਤ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਦੇ ਕੌਮੀ ਜਨਰਲ ਸਕੱਤਰ ਕਾਕਾ ਸੁਖਮਨ ਸਿੱਧੂ ਨੇ ਸਥਾਨਕ ਮਾਰਕੀਟ ਕਮੇਟੀ ਦਫਤਰ ਵਿਖੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਪੁਲਿਸ ਦੀਆਂ ਵਰਦੀਆਂ ਵਿੱਚ ਲੁਟੇਰਿਆਂ ਨੇ ਢਾਈ ਲੱਖ ਰੁਪਏ ਲੁੱਟੇ

ਨਾਭਾ, 8 ਫਰਵਰੀ (ਰਾਜਿੰਦਰ ਸਿੰਘ ਕਪੂਰ)-ਸਥਾਨਕ ਨਾਭਾ ਭਵਾਨੀਗੜ੍ਹ ਰੋਡ ਪਿੰਡ ਅਨੁੜਕੀ ਨੇੜੇ ਦੋ ਪੁਲਿਸ ਵਰਦੀਆਂ ਵਾਲੇ ਲੁਟੇਰਿਆਂ ਨੇ ਇੱਕ ਮੁਨੀਮ ਕੋਲੋਂ 2.50 ਲੱਖ ਖੋਹਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ ਅਮਰਗੜ੍ਹ ਸਥਿਤ ਗੁਰੂ ਨਾਨਕ ਫਿਲਿੰਗ ਸਟੇਸ਼ਨ ਦਾ ਮੁਨੀਮ ਬੁੱਧੀ ਸਿੰਘ ਪੁੱਤਰ ਖਲੌਲੀ ਰਾਮ ਵਾਸੀ ਜਵਾਲਾ ਜੀ ਜ਼ਿਲ੍ਹਾ ਕਾਂਗੜਾ ਜੋ ਕਿ ਅੱਜ ਪਟਿਆਲਾ ਦੇ ਬਹੇੜਾ ਰੋਡ ਸਥਿਤ ਸ਼ਰਮਾ ਕੰਨਟੈਕਸ਼ਨ ਤੋਂ 2.50 ਰੁਪਏ ਲੈ ਕੇ ਬੱਸ ਰਾਹੀਂ ਅਮਰਗੜ੍ਹ ਜਾ ਰਿਹਾ ਸੀ। ਜਦੋਂ ਬੱਸ ਨਾਭਾ ਦੇ ਪਟਿਆਲਾ ਗੇਟ ਕਰੀਬ 11.30 ਵਜੇ ਪਹੁੰਚੀ ਤਾਂ ਬੱਸ ਵਿੱਚ ਸਵਾਰ ਦੋ ਪੁਲਿਸ ਵਰਦੀਆਂ ਪਾਈਆਂ ਵਿਅਕਤੀਆਂ ਨੇ ਉਸ ਨੂੰ ਥੱਲੇ ਉਤਾਰ ਕੇ ਹੇਠਾਂ ਖੜ੍ਹੀ ਇੰਡੀਕਾ ਗੱਡੀ ਨੰਬਰ ਐੱਚ.ਆਰ.-44 ਏ.ਸੀ.-7407 ਸਿਲਵਰ ਰੰਗ ਦੀ ਜਿਸ ਨੂੰ ਇੱਕ ਮੋਨਾ ਵਿਅਕਤੀ ਚਲਾ ਰਿਹਾ ਸੀ, ਵਿੱਚ ਧਅਕੇ ਨਾਲ ਬੈਠਾ ਲਿਆ ਤੇ ਬਾਅਦ ਵਿੱਚ ਉਸ ਨੂੰ ਰੋਹਟੀ ਪੁਲਾ ਤੇ ਲੈ ਗਏ ਤੇ ਫਿਰ ਨਾਭਾ ਭਵਾਨੀਗੜ੍ਹ ਰੋਡ ਪਿੰਡ ਅਨੜਕੀ ਕੋਲ ਉਸ ਤੋਂ ਢਾਈ ਲੱਖ ਰੁਪਏ ਖੋਹ ਕੇ ਤੇ ਉਸ ਦੇ ਮੋਬਾਇਲ ਦਾ ਸਿਮ ਕਾਰਡ ਆਪਣੇ ਨਾਲ ਲੈ ਗਏ ਤੇ ਉਸ ਨੂੰ ਗੱਡੀ ਵਿੱਚੋਂ ਬਾਹਰ ਸੁੱਟ ਦਿੱਤਾ। ਪੁਲਿਸ ਵੱਲੋਂ ਡੀ.ਐੱਸ.ਪੀ. ਅਰਸ਼ਦੀਪ ਸਿੰਘ ਗਿੱਲ ਦੀ ਅਗਵਾਈ ਵਿੱਚ ਲੁਟੇਰਿਆਂ ਦੀ ਭਾਲ ਕੀਤੀ ਜਾ ਰਹੀ ਹੈ। ਮੁਨੀਮ ਤੋਂ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ।

ਹੋਂਡਾ ਨੇ ਪੇਸ਼ ਕੀਤੇ ਤਿੰਨ ਨਵੇਂ ਉਤਪਾਦ

ਸੀ.ਬੀ. ਟਵਿਸਟਰ ਕਰੇਗਾ ਨਵੇਂ ਗਾਹਕਾਂ ਦਾ ਵਿਸਥਾਰ

ਜਲੰਧਰ, 8 ਫਰਵਰੀ (ਮਲਕੀਤ ਸਿੰਘ ਬਰਾੜ, ਸਰਬਜੀਤ ਵਾਲੀਆ)-ਹੋਂਡਾ ਮੋਟਰਸਾਈਕਲ ਐਂਡ ਸਕੂਟਰ ਇੰਡੀਆ ਪ੍ਰਾਈਵੇਟ ਲਿਮਟਿਡ ਐੱਚ.ਐੱਮ.ਐੱਸ.ਐੱਲ. ਜੋ ਕਿ ਹੋਂਡਾ ਮੋਟਰ ਕੰਪਨੀ ਜਪਾਨ ਦੀ 100 ਪ੍ਰਤੀਸ਼ਤ ਮਾਲਕੀ ਵਾਲੀ 2 ਪਹੀਆ ਵਾਹਨ ਨਿਰਮਾਤਾ ਕੰਪਨੀ ਹੈ, ਨੇ ਅੱਜ ਜਲੰਧਰ 'ਚ ਆਪਣਾ ਨਵਾਂ ਵਿਆਪਕ ਵਰਗ 'ਚ ਪਹੁੰਚ ਰੱਖਣ ਵਾਲਾ ਸੀ.ਬੀ. ਟਵਿਸਟਰ ਲਾਂਚ ਕੀਤਾ। ਤੇਜ਼ੀ ਨਾਲ ਅਲੱਗ ਅੰਦਾਜ਼ ਨੂੰ ਚਾਹੁੰਣ ਵਾਲੇ ਭਾਰਤੀ ਦੋ ਪਹੀਆ ਗਾਹਕਾਂ ਦੀ ਪਸੰਦ ਨੂੰ ਦੇਖਦੇ ਹੋਏ 110 ਸੀ.ਸੀ. ਸੀ.ਬੀ. ਟਵਿਸਟਰ ਸ਼ਾਨਦਾਰ ਸਟਾਈਲ, ਭਰੋਸੇਯੋਗ ਪ੍ਰਦਰਸ਼ਨ, ਚੰਗੀ ਮਾਈਲੇਜ ਤੇ ਉਚਿਤ ਦਾਮ ਦੀ ਸਹੂਲਤ ਦਿੰਦਾ ਹੈ। ਇਸ ਨਵੇਂ ਅੰਦਾਜ਼ ਦੀ ਸਟਾਈਲਿੰਗ ਨਾਲ ਸਜਿਆ ਇਹ ਬਾਈਕ ਵਿਸ਼ਵ 'ਚ ਨਵਾਂ ਰੁਝਾਨ ਪੈਦਾ ਕਰਨ ਵਾਲੇ ਸੀ.ਬੀ. 1000 ਆਰ ਤੋਂ ਪ੍ਰੇਰਿਤ ਹੈ। ਸਕਰੀਨ ਰਹਿਤ ਲੇਅਰਡ ਫਰੰਟ ਕਾਊਲ, ਧਿਆਨ ਆਕਰਸ਼ਤ ਕਰਨ ਵਾਲੀ ਆਕਰਸ਼ਤ ਹੈਡਲਾਈਟ, ਫਲੋਟਿੰਗ ਸਾਈਡ ਕਾਊਲ, ਮਰਦਾਨਾ ਇੰਜਨ ਟੈਂਕ ਤੇ ਸ਼ਾਰਟ ਟੇਲ ਦੇ ਨਾਲ ਸ਼ਾਰਪ ਰੀਅਰ, ਮਲਟੀ ਰਿਫਲੈਕਟਰ ਟੇਲ ਲੈਂਪ, ਸ਼ਾਰਟ ਮਫਲ ਰ ਤੇ ਹਾਫ ਚੇਨ ਕੇਸ ਇਸ ਨਵੀਂ ਬਾਈਕ ਨੂੰ ਆਪਣੇ ਵਰਗ 'ਚ ਇੱਕ ਅਲੱਗ ਹੀ ਸਟਾਈਲ ਆਈਕਾਨ ਦੀ ਤਰ੍ਹਾਂ ਪੇਸ਼ ਕਰਦੇ ਹਨ। ਸੀ.ਬੀ. ਟਵਿਸਟਰ ਆਪਣੀ ਸ਼ਾਨਦਾਰ ਸ਼ੁਰੂਆਤ ਐਕਸਲਰੇਸ਼ਨ ਤੇ ਦਮਦਾਰ ਪਿਕਅਪ ਦੇ ਚੱਲਦੇ ਆਪਣੇ ਵਰਗ 'ਚ ਸਰਵੋਤਮ ਹੈ। ਸੀ.ਬੀ. ਟਵਿਸਟਰ ਇੱਕ ਪੂਰਾ ਤੌਰ 'ਤੇ ਨਵੀਂ 110 ਸੀ.ਸੀ. ਇੰਜਨ ਨਾਲ ਲੈਸ ਹੈ ਜੋ ਕਿ 9 ਬੀ.ਐੱਚ.ਪੀ. ਦੀ ਸ਼ਕਤੀ ਪ੍ਰਦਾਨ ਕਰਦਾ ਹੈ। ਮਜ਼ਬੂਤ ਦੋਹਰੇ ਪਾਈਪ ਫਰੇਮ ਤੇ ਵੀ ਅਕਾਰ ਵਾਲੇ ਅਲਾਏ ਵੀਲਸ ਇਸ ਨੂੰ ਸੜਕ 'ਤੇ ਮਜਬੂਤੀ ਪਰਦਾਨ ਕਰਦੇ ਹਨ ਤੇ ਮੁੜਨ ਆਦਿ ਲਈ ਅਰਾਮਦਾਇਕ ਬਣਾ ਦਿੰਦੇ ਹਨ। ਟਿਊਬਲੈਸ ਟਾਇਰ ਸੀ.ਬੀ.ਟਵਿਸਟਰ ਦਾ ਦੁਰਲਭ ਪਹਿਲੂ ਹਨ, ਜੋ ਕਿ ਇਸ ਵਰਗ 'ਚ ਪਹਿਲੀ ਵਾਰ ਪ੍ਰਦਾਨ ਕੀਤੇ ਜਾ ਰਹੇ ਹਨ।

ਇਸ ਬਾਈ ਦੀ ਪੇਸ਼ਕਸ਼ ਨਾਲ ਇੱਕ ਨਵਾਂ ਵਰਗ ਤਿਆਰ ਹੋਵੇਗਾ ਤੇ ਇਹ ਭਾਰਤ 'ਚ 2 ਪਹੀਆ ਵਾਹਨਾਂ ਦੇ ਬਜ਼ਾਰ ਦਾ ਵਿਸਤਾਰ ਕਰੇਗਾ। ਸੀ.ਬੀ. ਟਵਿਸਟਰ 70 ਕਿਲੋਮੀਟਰ ਪ੍ਰਤੀ ਲੀਟਰ ਦੀ ਮਾਈਲੇਜ ਪ੍ਰਦਾਨ ਕਰਦਾ ਹੈ। ਇਹ ਬਾਈਕ ਰੱਖ ਰਖਾਅ ਰਹਿਤ ਬੈਟਰੀ ਨਾਲ ਲੈਸ ਹੈ ਤੇ ਜ਼ਿਆਦਾ ਸਹੂਲਤ ਵਿਸਕਾਊਸ ਏਅਰ ਫਿਲਟਰ ਨਾਲ ਵੀ ਲੈਸ ਹੈ। ਸੀ.ਬੀ. ਟਵਿਸਟਰ ਵਰਤਮਾਨ ਵਿਸ਼ਵ ਦੇ ਨਵੇਂ ਰੁਝਾਨ ਤੇ ਅਕਲਪਨੀ ਪ੍ਰਦਰਸ਼ਨ ਨੂੰ ਪੇਸ਼ ਕਰਦਾ ਹੈ। ਸੀ.ਬੀ. ਸ਼ਬਦ ਨੂੰ ਹੋਂਡਾ ਦੀ ਸਟਾਈਲਿਸ਼ ਵਰਲਡ ਟਰੈਂਡ ਸੀਰੀਜ ਤੋਂ ਲਿਆ ਗਿਆ ਹੈ, ਜੋ ਕਿ ਖੇਡਾਂ ਦਾ ਪ੍ਰਤੀਕ ਹੈ ਤੇ ਸ਼ਬਦ ਟਵਿਸਟਰ ਦਾ ਅਰਥ ਹੈ, ਜ਼ਿਆਦਾ ਤਾਕਤ ਦੇ ਨਾਲ ਵਧਦੀਆਂ ਤੇਜ਼ ਹਵਾਵਾਂ। ਸੀ.ਬੀ. ਟਵਿਸਟਰ ਇਸ ਮਹੀਨੇ ਦੇ ਅੰਤ ਤੱਕ ਭਾਰਤੀ ਸੜਕਾਂ 'ਤੇ ਆਪਣੀ ਮੌਜੂਦਗੀ ਦਰਜ ਕਰਵਾ ਦੇਵੇਗਾ। ਇਹ ਬਾਈਕ ਤਿਨ ਵੇਰੀਐਂਟਸ 'ਚ ਉਪਲਬੱਧ ਹੈ। ਜਿਨ੍ਹਾਂ 'ਚ ਕਿਕ ਡਰਮ ਅਲਾਏ ਤੇ ਸੈਲਫ ਡਿਸਕ ਅਲਾਏ 240 ਐੱਮ.ਐੱਮ. ਫਰੰਟ ਡਿਸਕ ਬਰੇਕ ਦੇ ਨਾਲ ਸ਼ਾਮਲ ਹਨ। ਇਹ ਬਾਈਕ ਪੰਜ ਸ਼ਾਨਦਾਰ ਤੇ ਸੋਹਣਿਆਂ ਰੰਗ 'ਚ ਉਪਲਬੱਧ ਹੈ। ਜਿਨ੍ਹਾਂ 'ਚ ਪਰਲ ਐਂਬਰ ਯੈਲੋ, ਕੈਂਡੀ ਸੋਨਿਕ ਗਰੀਨ, ਪਰਲ ਨਾਈਟਸਟਾਰ ਬਲੈਕ, ਪਰਲ ਸਿਏਨ ਰੇਡ ਤੇ ਪਰਲ ਫੂਜੀ ਬਲੂ ਸ਼ਾਮਲ ਹਨ ਹੋਂਡਾ ਨੇ ਨੌਜਵਾਨਾਂ ਦੇ ਪਸੰਦੀਦਾ ਸਪੋਰਟਸ ਬਾਈਕ ਸੀ.ਬੀ.ਐੱਫ. ਸਟਨਰ ਨੂੰ ਵੀ ਅਪਗਰੇਡ ਕੀਤਾ ਹੈ ਤੇ ਇਹ ਜ਼ਿਆਦਾ ਸਟਾਈਲਿਸ਼ ਹੋ ਗਿਆ ਹੈ। ਇਸ ਦੇ ਨਾਲ ਹੀ ਕਈ ਨਵੇਂ ਫੀਚਰਸ ਵੀ ਇਸ 'ਚ ਜੋੜ ਦਿੱਤੇ ਗਏ ਹਨ, ਜਦਕਿ ਇਸ ਦਾ ਰੇਟ ਉਚਿਤ ਰੱਖਿਆ ਗਿਆ। ਨਵੇਂ ਸੀ.ਬੀ.ਐੱਫ. ਸਟਨਰ ਦੇ ਨਵੇਂ ਗਰਾਫਿਕਸ ਨੇ ਇਸ ਸੀ.ਬੀ.ਐੱਫ. ਸਟਨਰ ਨੂੰ ਜ਼ਿਆਦਾ ਰੋਮਾਂਚਕ ਤੇ ਸਪੋਰਟੀ ਬਣਾ ਦਿੱਤਾ ਹੈ। ਇਸ 'ਚ ਸ਼ਾਨਦਾਰ ਟੇਕਨਮੀਟਰ ਤੇ ਆਕਰਸ਼ਕ ਅੰਡਰ ਕਾਊਲ ਨੂੰ ਇੱਕ ਸਾਥ ਪੇਸ਼ ਕੀਤਾ ਗਿਆ ਹੈ। ਨਵੇਂ ਹੈਂਡ ਬਾਰ ਅਰਾਮਦਾਇਕ ਤੇ ਸਮੂਥ ਸਵਾਰੀ ਦੇ ਲਈ ਢੁਕਵਾਂ ਹੈ। ਇਸ ਦੇ ਰੱਖਰਖਾਅ ਦਾ ਖਰਚ ਵੀ ਘੱਟ ਹੈ। ਨਾਲ ਹੀ ਵਿਸਕਾਊਸ ਏਅਰ ਫਿਲਟਰ ਤੇ ਰੱਖ ਰਖਾਅ ਰਹਿਤ ਬੈਟਰੀ ਅਲੱਗ ਤੋਂ ਸਹੂਲਤ ਜਨਕ ਹੈ। ਨਵਾਂ ਸੀ.ਬੀ.ਐੱਫ. ਸਟਨਰ ਕਈ ਨਵੇਂ ਸਪੋਰਟੀ ਰੰਗਾਂ 'ਚ ਪੇਸ਼ ਕੀਤਾ ਗਿਆ ਹੈ। ਜਿਨ੍ਹਾਂ 'ਚ ਸਪੋਰਟਸ ਰੈਡ, ਹੈਵੀ ਗਰੇ ਮੇਟਾਲਕ ਸਪੇਸ ਸਿਲਵਰ ਮੇਟਲਕ ਤੇ ਪਰਲ ਸਪੋਰਟਸ ਯੈਲੋ ਸ਼ਾਮਲ ਹਨ।

ਫੋਟੋ: ਕੁਲਦੀਪ ਸਿੰਘ

ਨਵਾਂ ਡੀਓ ਸਕੂਟਰ ਵੀ ਨਵੇਂ ਤਾਜ਼ਗੀ ਭਰੇ ਅੰਦਾਜ਼ ਦੇ ਨਾਲ ਪੇਸ਼ ਕੀਤਾ ਗਿਆ ਹੈ ਤੇ ਇਸ ਦੇ ਦਿਲਕਸ਼ ਗਰਾਫਿਕਸ, ਸਪੱਸ਼ਟ ਵਿੰਕਰਸ, ਹੈਂਡਲ ਬਾਰ ਵੇਟ ਤੇ ਟੂ ਟੋਨਡ ਅਰਾਮਦਾਇਕ ਸੀਟ, ਇਸ ਨੂੰ ਸ਼ਾਨਦਾਰ ਬਣਾਉਂਦੇ ਹਨ। ਇਸ ਦੇ ਰੱਖ ਰਖਾਅ ਦਾ ਖਰਚ ਵੀ ਘੱਟ ਹੈ। ਨਾਲ ਹੀ ਵਿਸਕਾਊਸ ਏਅਰ ਫਿਲਟਰ ਤੇ ਰੱਖ ਰਖਾਅ ਰਹਿਤ ਬੈਟਰੀ ਅਲੱਗ ਤੋਂ ਇਸ ਵਾਹਨ ਨੂੰ ਜ਼ਿਆਦਾ ਸਹੂਲਤ ਦਾਇਕ ਬਣਾਉਂਦੇ ਹਨ। ਨਵਾਂ ਡੀਓ ਪੰਜ ਰੋਮਾਂਚਕ ਰੰਗਾਂ 'ਚ ਉਪਲੱਬਧ ਹੈ, ਜਿਨ੍ਹਾਂ 'ਚ ਸਪੋਰਟਸ ਰੈਡ, ਬਲੈਕ ਬਲੂ ਮੈਟਨਾਲਕ, ਕੈਂਡੀ ਪਾਮ ਗਰੀਨ ਤੇ ਲੇਬ ਲਾਨ ਵਾਇਲਟ ਮੇਟਲਕ ਨਵਾਂ ਸ਼ਾਮਲ ਹੈ।